Ombudsman
Fairness for all

# ਚੀਫ਼ ਓਮਬਡਸਮੈਨ (ਮੁੱਖ ਲੋਕਪਾਲ) ਦੁਆਰਾ ਕੀਤੀ ਜਾਣ ਵਾਲੀ ਆਉਣ ਵਾਲੀ ਜਾਂਚ

## ਭੂਮਿਕਾ

ਚੀਫ਼ ਓਮਬਡਸਮੈਨ ਡਿਟੇਨਸ਼ਨ (ਬੰਦੀਘਰ) ਦੀਆਂ ਸਿਹਤ ਅਤੇ ਅਪਾਹਜਤਾ ਥਾਵਾਂ ਵਿੱਚ ਲੋਕਾਂ ਨਾਲ ਕੀਤੇ ਜਾਣ ਵਾਲੇ ਵਤੀਰੇ ਦੀ ਜਾਂਚ ਕਰਨ ਲਈ ਜ਼ੁੰਮੇਵਾਰ ਹੈ – ਉਹ ਥਾਵਾਂ ਜਿੱਥੇ ਲੋਕ ਆਪਣੀ ਮਰਜ਼ੀ ਮੁਤਾਬਕ ਉਸ ਥਾਂ ਨੂੰ ਛੱਡ ਕੇ ਜਾ ਨਹੀਂ ਸਕਦੇ ਹਨ। ਇਸ ਵਿੱਚ ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਅਤੇ ਕੁਆਰੰਟੀਨ ਕੇਂਦਰ ਸ਼ਾਮਿਲ ਹਨ।

ਚੀਫ਼ ਓਮਬਡਸਮੈਨ ਇੰਸਪੈਕਟਰਾਂ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਉਨ੍ਹਾਂ ਵਲੋਂ ਕੇਂਦਰ ਵਿੱਚ ਇਸ ਕਾਰਨ ਦਾਖਲ ਹੋਣ ਤਾਂ ਜੋ ਉਹ ਇਸ ਬਾਰੇ ਜਾਣਕਾਰੀ ਇੱਕਠੀ ਕਰ ਸਕਣ ਕਿ ਕੇਂਦਰ ਲੋਕਾਂ ਦੁਆਰਾ ਉੱਥੇ ਬਿਤਾਏ ਸਮੇਂ ਦੌਰਾਨ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਅਤੇ ਸੁਰੱਖਿਆ ਕਿਵੇਂ ਕਰ ਰਿਹਾ ਹੈ।

## ਜਾਂਚ ਦੌਰਾਨ ਕੀ ਹੋਵੇਗਾ

ਇਹ ਅੰਦਾਜਾ ਲਗਾਇਆ ਜਾਂਦਾ ਹੈ ਕਿ ਜਾਂਚ ਵਿੱਚ ਕਰੀਬ ਦੋ ਘੰਟਿਆਂ ਦਾ ਸਮਾਂ ਲਗੇਗਾ, ਅਤੇ ਚੀਫ਼ ਓਮਬਡਸਮੈਨ ਦੇ ਇੰਸਪੈਕਟਰਾਂ ਦੀ ਛੋਟੀ ਟੀਮ ਕਿਸੇ ਰੁਕਾਵਟ ਨੂੰ ਘੱਟ ਤੋਂ ਘੱਟ ਕਰਨ ਦਾ ਜਤਨ ਕਰੇਗੀ।

ਇੰਸਪੈਕਟਰ ਕੇਂਦਰ ਵਿਚੋਂ ਇਹ ਦੇਖਦੇ ਹੋਏ ਲੰਘਣਗੇ ਕਿ ਕੇਂਦਰ ਕਿਵੇਂ ਸੰਚਾਲਨ ਕਰਦਾ ਹੈ। ਉਹ ਕੁੱਝ ਕਮਰਿਆਂ ਦੇ ਦਰਵਾਜੇ ਖੜਕਾ ਕੇ ਅੰਦਰ ਜਾਣਗੇ ਤਾਂ ਜੋ ਉਹ ਵੇਖ ਸਕਣ ਕਿ ਕਿਸ ਤਰ੍ਹਾਂ ਦੀਆਂ ਸੁਵਿਧਾਵਾਂ ਉਪਲਬਧ ਹਨ ਅਤੇ ਉਹ ਕੇਂਦਰ ਵਿੱਚ ਉਪਲਬਧ ਹਾਲਾਤਾਂ ਦੀ ਬਿਹਤਰ ਸਮਝ ਪ੍ਰਾਪਤ ਕਰ ਸਕਣ।

ਇੰਸਪੈਕਟਰ ਕੇਂਦਰ ਦੀਆਂ ਸਿਹਤ ਅਤੇ ਸੁਰੱਖਿਆ ਦੀਆਂ ਸਾਰੀਆਂ ਲੋੜਾਂ ਦੀ ਪਾਲਣਾ ਕਰਨਗੇ, ਜਿਸ ਵਿੱਚ ਨਿੱਜੀ ਸੁਰੱਖਿਆਤਮਕ ਉਪਕਰਨ (Personal Protective Equipment - PPE) ਪਾਏ ਜਾਣੇ ਸ਼ਾਮਿਲ ਹਨ।

## ਤੁਸੀਂ ਜਾਂਚ ਸੰਬੰਧੀ ਸੂਚਨਾ ਕਿਵੇਂ ਦੇ ਸਕਦੇ ਹੋ

ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਅਤੇ ਕੁਆਰੰਟੀਨ ਕੇਂਦਰ ਵਿੱਚ ਬੰਦੀ ਬਣਾਏ ਲੋਕਾਂ ਤੋਂ ਉਨ੍ਹਾਂ ਦੁਆਰਾ ਤਜਰਬੇ ਕੀਤੇ ਜਾ ਰਹੇ ਹਾਲਾਤਾਂ ਅਤੇ ਵਤੀਰੇ ਬਾਰੇ ਜਾਣਨਾ ਚੀਫ਼ ਓਮਬਡਸਮੈਨ ਦੀ ਜਾਂਚ ਦਾ ਇੱਕ ਮਹਤਵਪੂਰਣ ਭਾਗ ਹੈ।

ਜਾਂਚ ਦੇ ਤੁਰੰਤ ਬਾਅਦ, ਜਾਂਚ ਦੌਰਾਨ ਕੇਂਦਰ ਵਿੱਚ ਬੰਦੀ ਬਣਾਏ ਲੋਕਾਂ ਨੂੰ ਉਨ੍ਹਾਂ ਦੇ ਤਜਰਬੇ ਬਾਰੇ ਇੱਕ ਆਨਲਾਇਨ ਸਰਵੇਖਣ ਵਿੱਚ ਭਾਗ ਲੈਣ ਦੇ ਸੱਦੇ ਲਈ ਇੱਕ ਟੈਕਸਟ ਅਤੇ/ਜਾਂ ਈਮੇਲ ਭੇਜੀ ਜਾਵੇਗੀ। ਜੇ ਜਾਂਚ ਦੌਰਾਨ ਕੇਂਦਰ ਵਿੱਚ ਰਹਿ ਰਹੇ ਕਿਸੇ ਵਿਅਕਤੀ ਨੂੰ ਸੱਦਾ ਨਹੀਂ ਮਿਲਿਆ ਹੈ ਅਤੇ ਉਹ ਸਰਵੇਖਣ ਵਿੱਚ ਭਾਗ ਲੈਣਾ ਚਾਹੁੰਦੇ ਹਨ, ਤਾਂ ਉਹ MIQ@ombudsman.parliament.nz ਤੇ ਈਮੇਲ ਭੇਜ ਕੇ ਲਿੰਕ ਭੇਜੇ ਜਾਣ ਦੀ ਬਿਨਤੀ ਕਰ ਸਕਦੇ ਹਨ। ਕ੍ਰਿਪਾ ਕਰਕੇ ਸਬਜੈਕਟ ਲਾਇਨ 'MIQ survey' ਦੀ ਵਰਤੋਂ ਕਰੋ।

ਇੰਸਪੈਕਟਰ ਜਾਂਚ ਦੌਰਾਨ ਕੇਂਦਰ ਵਿੱਚ ਰਹਿ ਰਹੇ ਲੋਕਾਂ ਨਾਲ ਥੋੜੀਆਂ ਇੰਟਰਵਿਊਆਂ ਵੀ ਕਰਨਗੇ, ਬਾਅਦ ਦੀ ਕਿਸੇ ਤਰੀਕ ਤੇ ਟੈਲੀਫੋਨ ਜਾਂ Zoom ਰਾਹੀਂ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਇੰਟਰਵਿਊ ਲਈ ਜਾਵੇ ਤਾਂ ਕ੍ਰਿਪਾ ਕਰਕੇ MIQ@ombudsman.parliament.nz 'ਤੇ ਈਮੇਲ ਭੇਜੋ ਜਾਂ 0800 802 602 'ਤੇ ਫੋਨ ਕਰੋ। ਕ੍ਰਿਪਾ ਕਰਕੇ ਸਬਜੈਕਟ ਲਾਇਨ 'MIQ interview' ਦੀ ਵਰਤੋਂ ਕਰੋ। ਇੰਸਪੈਕਟਰ ਸੰਪਰਕ ਕਰਨ ਵਾਲੇ ਸਾਰੇ ਲੋਕਾਂ ਨਾਲ ਇੰਟਰਵਿਊ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਨਗੇ।

ਜਾਂਚ ਦੇ ਭਾਗ ਦੌਰਾਨ ਸਾਨੂੰ ਪ੍ਰਦਾਨ ਕੀਤੀ ਜਾਣ ਵਾਲੀ ਕਿਸੇ ਵੀ ਜਾਣਕਾਰੀ ਦਾ ਪ੍ਰਬੰਧ ਗੁਪਤ ਤਰੀਕੇ ਨਾਲ ਕੀਤਾ ਜਾਵੇਗਾ ਅਤੇ ਇਸਨੂੰ ਸੁਰੱਖਿਅਤ ਤਰੀਕੇ ਨਾਲ ਸਾਂਭ ਕੇ ਰੱਖਿਆ ਜਾਵੇਗਾ। ਚੀਫ਼ ਓਮਬਡਸਮੈਨ ਦੀ ਕਿਸੇ ਰਿਪੋਰਟ ਜਾਂ ਖੋਜ ਵਿੱਚ ਕਿਸੇ ਵਿਅਕਤੀ ਦੀ ਪਛਾਣ ਨਹੀਂ ਕੀਤੀ ਜਾਵੇਗੀ।

ਜਾਂਚ ਤੋਂ ਇੱਕਠੀ ਕੀਤੀ ਜਾਣਕਾਰੀ ਦੀ ਵਰਤੋਂ ਚੀਫ਼ ਓਮਬਡਸਮੈਨ ਦੁਆਰਾ ਕੇਂਦਰ ਦੇ ਹਾਲਾਤ ਅਤੇ ਵਤੀਰੇ ਵਿੱਚ ਸੁਧਾਰ ਕਰਨ ਲਈ ਦਿੱਤੇ ਜਾਣ ਵਾਲੇ ਕਿਸੇ ਸੁਝਾਅ ਨੂੰ ਦੱਸਣ ਲਈ ਕੀਤੀ ਜਾਵੇਗੀ। ਉਹ ਕੇਂਦਰ ਦੀ ਆਪਣੀ ਜਾਂਚ ਸੰਬੰਧੀ ਇੱਕ ਰਿਪੋਟਰ ਤਿਆਰ ਕਰਨਗੇ, ਜਿਸਨੂੰ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ।

## ਸ਼ਿਕਾਇਤਾਂ

ਓਮਬਡਸਮੈਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਰੋਕਥਾਮ ਕਰਨ ਲਈ ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਅਤੇ ਕੁਆਰੰਟੀਨ ਕੇਂਦਰਾਂ ਦੀ ਜਾਂਚ ਕਰਦਾ ਹੈ। ਇਨ੍ਹਾਂ ਜਾਂਚਾਂ ਲਈ ਉਨ੍ਹਾਂ ਦੀ ਭੂਮਿਕਾ ਵਿੱਚ ਸ਼ਿਕਾਇਤ ਪ੍ਰਾਪਤ ਕਰਨਾ ਸ਼ਾਮਿਲ ਨਹੀਂ ਹੈ।

ਜੇ ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਅਤੇ ਕੁਆਰੰਟੀਨ ਕੇਂਦਰ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਕ੍ਰਿਪਾ ਕਰਕੇ Facility Manager ਜਾਂ Wellbeing Coordinator ਨਾਲ ਸੰਪਰਕ ਕਰੋ। ਤੁਸੀਂ ਆਨਲਾਇਨ ਸ਼ਿਕਾਇਤ ਫਾਰਮ ਭਰਕੇ ਜਾਂ 0800 476 647 ਤੇ ਫੋਨ ਕਰਕੇ (ਫੋਨ ਕਾਲ ਕਰਨੀ ਮੁਫਤ ਹੈ) ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਅਤੇ ਕੁਆਰੰਟੀਨ ਕੇਂਦਰ ਦੀ Resolutions Team ਨਾਲ ਵੀ ਸੰਪਰਕ ਕਰ ਸਕਦੇ ਹੋ। ਸ਼ਿਕਾਇਤ ਕਾਰਜਵਿਧੀ, ਅਤੇ ਸ਼ਿਕਾਇਤ ਫਾਰਮ ਬਾਰੇ ਵਧੇਰੀ ਜਾਣਕਾਰੀ https://www.miq.govt.nz/about/contact-us/complaints-procedure/ 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੇ ਤੁਸੀਂ ਪਹਿਲਾਂ ਹੀ ਇਹ ਕਰ ਚੁੱਕੇ ਹੋ ਅਤੇ ਤੁਹਾਨੂੰ ਲਗਦਾ ਹੈ ਕਿ ਕਿਸੇ ਸਰਕਾਰੀ ਸੰਸਥਾ (ਜਿਵੇਂ ਕਿ ਵਪਾਰ, ਨਵੀਨਤਾ ਅਤੇ ਰੁਜ਼ਗਾਰ ਮੰਤਰਾਲਾ ਜਾਂ ਸਿਹਤ ਮੰਤਰਾਲਾ) ਨੇ ਤੁਹਾਡੇ ਨਾਲ ਸਹੀ ਵਿਹਾਰ ਨਹੀਂ ਕੀਤਾ ਹੈ, ਤਾਂ ਹੋ ਸਕਦਾ ਹੈ ਕਿ ਚੀਫ਼ ਓਮਬਡਸਮੈਨ ਮਦਦ ਕਰਨ ਯੋਗ ਹੋਵੇ।

ਚੀਫ਼ ਓਮਬਡਸਮੈਨ ਉਸ ਹਾਲਾਤ ਵਿੱਚ ਵੀ ਮਦਦ ਕਰਨ ਯੋਗ ਹੋ ਸਕਦਾ ਹੈ ਜੇ ਤੁਸੀਂ ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਤੋਂ ਛੋਟ ਲਈ ਬਿਨੈ ਕੀਤਾ ਹੋਵੇ, ਅਤੇ ਤੁਹਾਨੂੰ ਲਗਦਾ ਹੋਵੇ ਕਿ ਤੁਹਾਡੀ ਅਰਜ਼ੀ ਨੂੰ ਪ੍ਰੋਸੇਸ ਕਰਨ ਵਿੱਚ ਕੋਈ ਗਲਤੀ ਹੋਈ ਹੈ। ਚੀਫ਼ ਓਮਬਡਸਮੈਨ ਦੇ ਸ਼ਿਕਾਇਤ ਕਾਰਜ ਬਾਰੇ ਵਧੇਰੀ ਜਾਣਕਾਰੀ https://www.ombudsman.parliament.nz/what-we-can-help/complaints-about-government-agencies/how-make-complaint 'ਤੇ ਪਾਈ ਜਾ ਸਕਦੀ ਹੈ।

## ਵਧੇਰੀ ਜਾਣਕਾਰੀ

ਚੀਫ਼ ਓਮਬਡਸਮੈਨ ਦੇ ਜਾਂਚ ਪ੍ਰੋਗ੍ਰਾਮਾਂ ਬਾਰੇ ਵਧੇਰੀ ਜਾਣਕਾਰੀ ਉਨ੍ਹਾਂ ਦੀ ਵੈੱਬਸਾਈਟ (https://www.ombudsman.parliament.nz/what-we-can-help/monitoring-covid-19-managed-isolation-and-quarantine-facilities) 'ਤੇ ਉਪਲਬਧ ਹੈ।

ਜੇ ਚੀਫ਼ ਓਮਬਡਸਮੈਨ ਦੇ ਪ੍ਰਬੰਧਿਤ ਆਈਸੋਲੇਸ਼ਨ (ਇਕਾਂਤਵਾਸ) ਅਤੇ ਕੁਆਰੰਟੀਨ ਕੇਂਦਰ ਜਾਂਚ ਪ੍ਰੋਗ੍ਰਾਮ ਦੇ ਵਿਕਾਸ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕ੍ਰਿਪਾ ਕਰਕੇ ਸਾਨੂੰ ਈਮੇਲ ਕਰੋ (MIQ@ombudsman.parliament.nz). ਤੁਸੀਂ ਸਾਨੂੰ Facebook (@ombudsmannz) 'ਤੇ ਫੋਲੋ ਵੀ ਕਰ ਸਕਦੇ ਹੋ।